




# ਕੁਕੜੀ ਅਤੇ ਬਾਜ਼


Ann Nduku
Wiehan de Jager
Anu Gill


Punjabi
Level 3




ਇੱਕ ਸਮੇਂ ਕੁਕੜੀ ਅਤੇ ਬਾਜ਼ ਦੋਸਤ ਸਨ। ਉਹ ਹੋਰ ਸਾਰੇ ਪੰਛੀਆਂ ਦੇ ਨਾਲ ਅਮਨ ਨਾਲ ਰਹਿੰਦੇ ਸਨ। ਉਹਨਾਂ ਵਿੱਚੋਂ ਕੋਈ ਵੀ ਉੱਡ ਨਹੀਂ ਸਕਦਾ ਸੀ।




ਇਕ ਦਿਨ ਦੇਸ਼ ਵਿੱਚ ਕਾਲ ਪਿਆ ਹੋਇਆ ਸੀ। ਬਾਜ਼ ਨੂੰ ਭੋਜਨ ਪ੍ਰਾਪਤ ਕਰਨ ਲਈ ਬਹੁਤ ਹੀ ਦੂਰ ਜਾਣਾ ਪਿਆ। ਉਹ ਬਹੁਤ ਹੀ ਥੱਕੀ ਹੋਈ ਵਾਪਸ ਆਈ। "ਸਫ਼ਰ ਕਰਨ ਦਾ ਕੋਈ ਸੌਖਾ ਤਰੀਕਾ ਜ਼ਰੂਰ ਹੋਵੇਗਾ!" ਬਾਜ਼ ਨੇ ਕਿਹਾ।




ਰਾਤ ਨੂੰ ਚੰਗੀ ਨੀਂਦ ਦੇ ਬਾਅਦ, ਕੁਕੜੀ ਨੂੰ ਇੱਕ ਸ਼ਾਨਦਾਰ ਵਿਚਾਰ ਆਇਆ। ਉਹ ਆਪਣੇ ਸਾਰੇ ਪੰਛੀ ਦੋਸਤਾਂ ਦੇ ਡਿੱਗੇ ਖੰਭ ਇਕੱਠੇ ਕਰਨ ਲੱਗ ਪਈ। “ਆਪਾਂ ਇਹਨਾਂ ਖੰਭਾਂ ਨੂੰ ਆਪਣੇ ਖੰਭਾਂ ਉੱਪਰ ਸਿਊਂ ਸਕਦੇ ਹਾਂ,” ਉਸ ਨੇ ਕਿਹਾ। “ਸ਼ਾਇਦ ਇਸ ਨਾਲ ਸਫ਼ਰ ਕਰਨਾ ਆਸਾਨ ਹੋ ਜਾਵੇਗਾ।”




ਸਾਰੇ ਪਿੰਡ ਵਿੱਚ ਸਿਰਫ ਬਾਜ਼ ਕੋਲ ਸੂਈ ਸੀ ਇਸ ਲਈ ਉਸ ਨੇ ਸਿਊਣਾ ਸ਼ੁਰੂ ਕੀਤਾ। ਉਸ ਨੇ ਆਪਣੇ ਆਪ ਲਈ ਸੁੰਦਰ ਖੰਭਾਂ ਦਾ ਜੋੜਾ ਬਣਾਇਆ ਅਤੇ ਕੁਕੜੀ ਦੇ ਉੱਪਰ ਉੱਚੀ ਉੱਡੀ। ਕੁਕੜੀ ਨੇ ਸੂਈ ਉਧਾਰ ਲਈ ਪਰ ਸਿਲਾਈ ਕਰਦੀ ਥੱਕ ਗਈ। ਉਸ ਨੇ ਅਲਮਾਰੀ ਤੇ ਸੂਈ ਰੱਖੀ ਅਤੇ ਉਸ ਦੇ ਬੱਚਿਆਂ ਲਈ ਭੋਜਨ ਤਿਆਰ ਕਰਨ ਲਈ ਰਸੋਈ ਵਿੱਚ ਚਲੀ ਗਈ।




ਪਰ ਹੋਰ ਪੰਛੀਆਂ ਨੇ ਵੀ ਬਾਜ਼ ਨੂੰ ਦੂਰ ਉੱਡਦੇ ਵੇਖਿਆ। ਉਹਨਾਂ ਨੇ ਆਪਣੇ ਲਈ ਵੀ ਖੰਭ ਬਣਾਉਣ ਲਈ ਕੁਕੜੀ ਤੋਂ ਸੂਈ ਉਧਾਰ ਲਈ। ਜਲਦੀ ਹੀ ਸਾਰੇ ਅਸਮਾਨ ਵਿੱਚ ਪੰਛੀ ਉੱਡਦੇ ਫ਼ਿਰਦੇ ਸਨ।




ਜਦ ਆਖਰੀ ਪੰਛੀ ਸੂਈ ਵਾਪਸ ਦੇਣ ਆਇਆ, ਕੁਕੜੀ ਉਥੇ ਨਹੀ ਸੀ। ਉਸ ਦੇ ਬੱਚਿਆਂ ਨੇ ਸੂਈ ਲਈ ਅਤੇ ਉਸ ਦੇ ਨਾਲ ਖੇਡਣ ਲੱਗ ਪਏ। ਜਦ ਉਹ ਖੇਡ ਕੇ ਥੱਕ ਗਏ, ਉਹਨਾਂ ਨੇ ਰੇਤ ਵਿੱਚ ਸੂਈ ਛੱਡ ਦਿੱਤੀ।




ਉਸ ਸ਼ਾਮ ਨੂੰ ਬਾਜ਼ ਵਾਪਸ ਆ ਗਈ। ਉਸ ਨੇ ਖੰਭ ਬੰਨ੍ਹਣ ਲਈ ਸੂਈ ਮੰਗੀ ਜੋ ਸਫ਼ਰ ਦੇ ਦੌਰਾਨ ਢਿੱਲੇ ਹੋ ਗਏ ਸਨ। ਕੁਕੜੀ ਨੇ ਅਲਮਾਰੀ ਉਤੇ ਵੇਖਿਆ। ਉਸ ਨੇ ਰਸੋਈ ਵਿੱਚ ਵੇਖਿਆ। ਉਸ ਨੇ ਵਿਹੜੇ ਵਿੱਚ ਵੇਖਿਆ। ਪਰ ਸੂਈ ਕਿਤੇ ਵੀ ਨਹੀਂ ਸੀ।



“ਬਸ ਮੈਨੂੰ ਇੱਕ ਦਿਨ ਦਿਓ,” ਕੁਕੜੀ ਨੇ ਬਾਜ਼ ਅੱਗੇ ਬੇਨਤੀ ਕੀਤੀ। “ਫਿਰ ਤੁਸੀਂ ਆਪਣੇ ਖੰਭ ਡੀਕ ਕਰ ਸਕਦੇ ਹੋ ਅਤੇ ਦੋਬਾਰਾ ਦੂਰ ਉੱਡਕੇ ਭੋਜਨ ਪ੍ਰਾਪਤ ਕਰ ਸਕਦੇ ਹੋ।” “ਬਸ ਇੱਕ ਹੋਰ ਦਿਨ,” ਬਾਜ਼ ਨੇ ਕਿਹਾ। “ਜੇਕਰ ਤੈਨੂੰ ਸੂਈ ਨਾ ਲੱਭੀ ਤਾਂ ਤੈਨੂੰ ਭੁਗਤਾਨ ਦੇ ਤੌਰ ਤੇ ਆਪਣਾ ਇੱਕ ਚੂਚਾ ਦੇਣਾ ਪਵੇਗਾ।”



ਅਗਲੇ ਦਿਨ ਜਦ ਬਾਜ਼ ਵਾਪਸ ਆਈ, ਉਸਨੇ ਕੁਕੜੀ ਨੂੰ ਰੇਤ ਨੂੰ ਖੁਰਚ ਦੇ ਹੋਏ ਦੇਖਿਆ, ਪਰ ਸੂਈ ਉੱਥੇ ਨਹੀਂ ਸੀ। ਇਸ ਲਈ ਬਾਜ਼ ਬਹੁਤ ਹੀ ਤੇਜ਼ੀ ਨਾਲ ਥੱਲੇ ਉੱਡੀ ਆਈ ਅਤੇ ਇੱਕ ਚੂਚੇ ਨੂੰ ਫ਼ੜਿਆ। ਉਹ ਉਸ ਨੂੰ ਲੈ ਗਈ। ਉਸ ਤੋਂ ਬਾਅਦ, ਜਦ ਵੀ ਬਾਜ਼ ਆਉਂਦੀ, ਉਸ ਨੂੰ ਕੁਕੜੀ ਸੂਈ ਲਈ ਰੇਤ ਨੂੰ ਖੁਰਚਦੀ ਹੋਈ ਮਿਲਦੀ।



ਜਦੋਂ ਹੀ ਬਾਜ਼ ਦੇ ਖੰਭ ਦੀ ਪਰਛਾਂ ਜ਼ਮੀਨ ਤੇ ਪੈਂਦੀ, ਕੁਕੜੀ ਆਪਣੇ ਚੂਚਿਆਂ ਨੂੰ ਚੇਤਾਵਨੀ ਦਿੰਦੀ। "ਇਸ ਪੱਟੀ ਅਤੇ ਸੁੱਕੀ ਜ਼ਮੀਨ ਤੋਂ ਦੂਰ ਜਾਵੋ" ਉਹਨਾਂ ਨੇ ਜਵਾਬ ਦਿੱਤਾ: "ਅਸੀਂ ਮੂਰਖ ਨਹੀ ਹਾਂ। ਅਸੀਂ ਚੱਲੇ ਜਾਵਾਂਗੇ।"

# Storybooks Outline

global-asp.github.io/storybooks-outline

## ਕੁਕੜੀ ਅਤੇ ਬਾਜ਼

Written by: Ann Nduku
Illustrated by: Wiehan de Jager
Translated by: Anu Gill

This story originates from the African Storybook (africanstorybook.org) and is brought to you by Storybooks Outline in an effort to provide children's stories in the world's many languages.

This work is licensed under a Creative Commons
Attribution 3.0 International License.